Australian Government

# ਮੱਰੇ-ਡਾਰਲਿੰਗ ਨਦੀ ਪ੍ਰਣਾਲੀ ਦੀ ਭੂਮਿਕਾ

**ਮੱਰੇ-ਡਾਰਲਿੰਗ ਘਾਟੀ (ਬੇਸਿਨ) ਆਸਟ੍ਰੇਲੀਆ ਦੀ ਸਭ ਤੋਂ ਵੱਡੀ ਨਦੀ ਪ੍ਰਣਾਲੀ ਹੈ, ਜੋ ਕਿ ਨਿਊ ਸਾਊਥ ਵੇਲਜ਼ ਦੇ ਬਹੁਤੇ ਹਿੱਸਿਆਂ, ਦੱਖਣੀ ਕੁਈਨਜ਼ਲੈਂਡ ਦੇ ਕੁਝ ਹਿੱਸਿਆਂ, ਸਾਊਥ ਆਸਟ੍ਰੇਲੀਆ ਦੇ ਪੂਰਬ, ਉੱਤਰੀ ਵਿਕਟੋਰੀਆ ਅਤੇ ਆਸਟ੍ਰੇਲੀਆ ਦੀ ਰਾਜਧਾਨੀ ਦੇ ਸਾਰੇ ਖੇਤਰ ਵਿੱਚ ਫੈਲੀ ਹੋਈ ਹੈ।**

ਦੇਸ਼ ਭਰ ਦੇ ਭਾਈਚਾਰੇ ਨਦੀਆਂ 'ਤੇ ਨਿਰਭਰ ਕਰਦੇ ਹਨ, ਜਿਸ ਵਿੱਚ ਸ਼ਾਮਲ ਹਨ:

**ਬੇਸਿਨ ਵਿੱਚ ਰਹਿੰਦੇ 2.3 ਮਿਲੀਅਨ (23 ਲੱਖ) ਤੋਂ ਵੱਧ ਆਸਟ੍ਰੇਲੀਆ ਦੇ ਲੋਕ**

**8,400 ਸਿੰਚਾਈ ਵਾਲੇ ਖੇਤੀਬਾੜੀ ਕਾਰੋਬਾਰ**

**50 ਫਸਟ ਨੇਸ਼ਨਜ਼ ਲੋਕਾਂ ਦੇ ਸਮੂਹ (ਆਦਿਵਾਸੀ ਲੋਕ) ਜਿਨ੍ਹਾਂ ਦਾ ਸੱਭਿਆਚਾਰ ਬੇਸਿਨ ਨਾਲ ਜੁੜਿਆ ਹੋਇਆ ਹੈ।**

## ਨਦੀ ਪ੍ਰਣਾਲੀ ਤੋਂ ਪਾਣੀ:

- ਪੀਣ ਵਾਲਾ ਸਾਫ਼ ਪਾਣੀ ਪ੍ਰਦਾਨ ਕਰਦਾ ਹੈ
- ਆਸਟ੍ਰੇਲੀਆ ਦੇ ਲੋਕਾਂ ਲਈ ਭੋਜਨ ਦੇ ਉਤਪਾਦਨ ਵਿੱਚ ਮਦਦ ਕਰਦਾ ਹੈ
- ਹਰ ਸਾਲ ਆਸਟ੍ਰੇਲੀਆ ਅਤੇ ਦੁਨੀਆਂ ਭਰ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ ਜਿਸ ਨਾਲ ਸੈਰ-ਸਪਾਟੇ ਕਾਰਨ ਹਰ ਸਾਲ 15 ਬਿਲੀਅਨ ਡਾਲਰ ਦੀ ਕਮਾਈ ਹੁੰਦੀ ਹੈ
- ਮਨੋਰੰਜਕ ਬਾਹਰੀ ਗਤੀਵਿਧੀਆਂ ਨੂੰ ਸੰਭਵ ਬਣਾਉਂਦਾ ਹੈ ਜਿਵੇਂ ਕਿ ਬੋਟਿੰਗ, ਵਾਟਰ ਸਕੀਇੰਗ, ਫਿਸ਼ਿੰਗ ਅਤੇ ਕਾਇਆਕਿੰਗ
- ਪੌਦਿਆਂ, ਜਾਨਵਰਾਂ ਅਤੇ ਲੋਕਾਂ ਲਈ ਇੱਕ ਵਧਿਆ-ਫੁੱਲਿਆ ਵਾਤਾਵਰਣ ਬਣਾਉਂਦਾ ਹੈ।

## ਸਾਡੇ ਆਸਟ੍ਰੇਲੀਆ ਦੇ ਪੌਦੇ ਅਤੇ ਜਾਨਵਰ ਵੀ ਮੱਰੇ-ਡਾਰਲਿੰਗ ਨਦੀਆਂ ਦੇ ਪਾਣੀ 'ਤੇ ਨਿਰਭਰ ਹਨ।

ਬੇਸਿਨ ਬਹੁਤ ਸਾਰੇ ਵਿਲੱਖਣ ਅਤੇ ਪ੍ਰਸਿੱਧ ਜਾਨਵਰਾਂ, ਪੌਦਿਆਂ ਅਤੇ ਵਾਤਾਵਰਣਾਂ ਦਾ ਘਰ ਹੈ ਜਿਸ ਵਿੱਚ ਸ਼ਾਮਲ ਹਨ:

- 16 ਅੰਤਰਰਾਸ਼ਟਰੀ ਤੌਰ 'ਤੇ ਮਹੱਤਵਪੂਰਨ ਵੈਟਲੈਂਡਜ਼
- 50 ਤੋਂ ਵੱਧ ਲੁਪਤ ਹੋਣ ਵਾਲੀਆਂ ਪ੍ਰਜਾਤੀਆਂ
- ਪਾਣੀ ਦੇ ਪੰਛੀਆਂ ਦੀਆਂ 120 ਵੱਖ-ਵੱਖ ਕਿਸਮਾਂ
- 50 ਦੇਸੀ ਮੱਛੀਆਂ ਦੀਆਂ ਪ੍ਰਜਾਤੀਆਂ
- ਲੱਖਾਂ ਰੁੱਖ, ਜਿਨ੍ਹਾਂ ਵਿੱਚੋਂ ਕੁਝ ਸੈਂਕੜੇ ਸਾਲ ਪੁਰਾਣੇ ਹਨ।

ਪਾਣੀ ਦੀ ਵਧਦੀ ਵਰਤੋਂ, ਸੋਕੇ, ਅਤੇ ਨਦੀਆਂ ਦੇ ਵਹਿਣ ਦੇ ਤਰੀਕੇ ਵਿੱਚ ਮਨੁੱਖ ਦੁਆਰਾ ਬਣਾਈਆਂ ਗਈਆਂ ਤਬਦੀਲੀਆਂ ਨੇ ਬੇਸਿਨ ਦੀਆਂ ਬਹੁਤ ਸਾਰੀਆਂ ਨਦੀਆਂ ਅਤੇ ਜਲ ਭੂਮੀ ਨੂੰ ਨੁਕਸਾਨ ਪਹੁੰਚਾਇਆ ਹੈ। ਇਹ ਮਨੋਰੰਜਨ, ਸੈਰ-ਸਪਾਟਾ ਅਤੇ ਭਾਈਚਾਰਿਆਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ ਜੋ ਬੇਸਿਨ ਦੇ ਪਾਣੀ 'ਤੇ ਨਿਰਭਰ ਕਰਦੇ ਹਨ।

ਪੌਦਿਆਂ, ਜਾਨਵਰਾਂ ਅਤੇ ਲੋਕਾਂ ਲਈ ਵਧਣ-ਫੁੱਲਣ ਵਾਲਾ ਵਾਤਾਵਰਣ ਬਣਾਉਣ ਲਈ ਪਾਣੀ ਜ਼ਰੂਰੀ ਹੈ। ਪਾਣੀ ਦੇ ਪੰਛੀਆਂ ਦੀ ਆਬਾਦੀ ਪਿਛਲੇ 40 ਸਾਲਾਂ ਵਿੱਚ ਘਟੀ ਹੈ ਅਤੇ ਅਸੀਂ ਉਨ੍ਹਾਂ ਦੀ ਆਬਾਦੀ ਵਿੱਚ ਮੁੜ ਲਗਾਤਾਰ ਵਾਧਾ ਹੁੰਦਾ ਨਹੀਂ ਦੇਖ ਰਹੇ ਹਾਂ। ਪਿਛਲੇ 150 ਸਾਲਾਂ ਵਿੱਚ ਦੇਸੀ ਮੱਛੀਆਂ ਦੀ ਆਬਾਦੀ ਵਿੱਚ ਵੀ 90% ਤੋਂ ਵੱਧ ਦੀ ਕਮੀ ਆਈ ਹੈ।

ਜੇਕਰ ਅਸੀਂ ਹੁਣ ਕਾਰਵਾਈ ਕਰਦੇ ਹਾਂ, ਤਾਂ ਅਸੀਂ ਯਕੀਨੀ ਬਣਾ ਸਕਦੇ ਹਾਂ ਕਿ ਮੱਰੇ-ਡਾਰਲਿੰਗ ਨਦੀਆਂ ਸਥਾਨਕ ਭਾਈਚਾਰਿਆਂ ਦਾ ਸਮਰਥਨ ਕਰਦੀਆਂ ਰਹਿਣ, ਅਤੇ ਲੋਕਾਂ, ਪੌਦਿਆਂ ਅਤੇ ਜਾਨਵਰਾਂ ਨੂੰ ਕਾਇਮ ਰੱਖਦੀਆਂ ਹਨ।



**ਇਹ ਜਾਣੋ ਕਿ ਆਸਟ੍ਰੇਲੀਆ ਸਰਕਾਰ ਦੀ ਯੋਜਨਾ ਮੱਰੇ-ਡਾਰਲਿੰਗ ਨਦੀਆਂ ਨੂੰ ਕਿਵੇਂ ਮੁੜ-ਬਹਾਲ ਕਰੇਗੀ:**
murraydarling.gov.au